**ਭਾਗ I**

**ਪੰਜਾਬ ਸਰਕਾਰ**

**ਕਾਨੂੰਨੀ ਅਤੇ ਵਿਧਾਨਕ ਕਾਰ-ਵਿਹਾਰ ਵਿਭਾਗ,**

**ਪੰਜਾਬ**

**ਨੋਟੀਫਿਕੇਸ਼ਨ**

ਮਿਤੀ:19 ਮਈ, 2016

**ਨੰਬਰ 22-ਲੀਗਲ/2016.**—ਪੰਜਾਬ ਰਾਜ ਦੀ ਵਿਧਾਨ ਸਭਾ ਵੱਲੋਂ ਬਣਾਇਆ ਗਿਆ ਹੇਠ ਲਿਖਿਆ ਐਕਟ, ਜਿਸ ਨੂੰ 25 ਅਪ੍ਰੈਲ, 2016 ਨੂੰ ਪੰਜਾਬ ਦੇ ਰਾਜਪਾਲ ਦੀ ਮਨਜ਼ੂਰੀ ਪ੍ਰਾਪਤ ਹੋਈ, ਆਮ ਜਾਣਕਾਰੀ ਲਈ ਇੱਥੇ ਪ੍ਰਕਾਸ਼ਿਤ ਕੀਤਾ ਜਾਂਦਾ ਹੈ:-

**ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ (ਸੋਧ) ਐਕਟ, 2016**

(ਪੰਜਾਬ ਐਕਟ ਨੰਬਰ 19 ਸਨ 2016)

**ਇੱਕ**

**ਐਕਟ**

*ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ ਐਕਟ, 2014 ਵਿੱਚ ਹੋਰ ਸੋਧ ਕਰਨ ਲਈ।*

ਭਾਰਤ ਗਣਰਾਜ ਦੇ 67ਵੇਂ ਵਰ੍ਹੇ ਵਿੱਚ ਪੰਜਾਬ ਰਾਜ ਦੀ ਵਿਧਾਨ ਸਭਾ ਵੱਲੋਂ ਇਸ ਪ੍ਰਕਾਰ ਐਕਟ ਬਣਾਇਆ ਗਿਆ ਹੈ, ਅਰਥਾਤ:-

ਸੰਖੇਪ ਨਾਂ ਅਤੇ ਆਰੰਭ।

**1.** (1) ਇਸ ਐਕਟ ਨੂੰ *ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ (ਸੋਧ) ਐਕਟ, 2016* ਕਿਹਾ ਜਾਵੇਗਾ।

(2) ਇਹ ਐਕਟ ਤੁਰੰਤ ਲਾਗੂ ਹੋਵੇਗਾ।

ਪੰਜਾਬ ਐਕਟ ਨੰਬਰ 5 ਸਨ 2015 ਵਿੱਚ ਸੋਧ।

**2.** ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ ਐਕਟ, 2014 (ਪੰਜਾਬ ਐਕਟ ਨੰਬਰ 5 ਸਨ 2015) ਵਿੱਚ, ਧਾਰਾ 30 ਤੋਂ ਇਲਾਵਾ, ਜਿੱਥੇ-ਜਿੱਥੇ ਵੀ "ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ" ਸ਼ਬਦ ਆਉਂਦੇ ਹਨ, ਉੱਥੇ ਉਨ੍ਹਾਂ ਦੀ ਥਾਂ "ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ" ਸ਼ਬਦ ਪ੍ਰਤੀਸਥਾਪਿਤ ਕੀਤੇ ਜਾਣਗੇ।

**ਵਿਵੇਕ ਪੁਰੀ**,

ਪੰਜਾਬ ਸਰਕਾਰ ਦੇ ਸਕੱਤਰ,

ਕਾਨੂੰਨੀ ਅਤੇ ਵਿਧਾਨਕ ਕਾਰ-ਵਿਹਾਰ ਵਿਭਾਗ।

ਵਿਧਾਨਕ ਅਨੁਪੂਰਕ

**ਮਜ਼ਮੂਨ**


| | | |
|---|---|---|
| **ਭਾਗ I** | **ਐਕਟ** | *ਪੰਨੇ* |
| | ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ (ਸੋਧ) ਐਕਟ, 2016 (ਪੰਜਾਬ ਐਕਟ ਨੰਬਰ 19 ਸਨ 2016) | ..73 |
| **ਭਾਗ II** | **ਆਰਡੀਨੈਂਸ** | |
| | ਕੋਈ ਨਹੀਂ | |
| **ਭਾਗ III** | **ਅਧੀਨ ਵਿਧਾਨਕਾਰੀ** | |
| | ਕੋਈ ਨਹੀਂ | |
| **ਭਾਗ IV** | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | ਕੋਈ ਨਹੀਂ | |